ਵਡਹੰਸੁ ਮਹਲਾ ੫ ॥ ਤੂ ਬੇਅੰਤੁ ਕੋ ਵਿਰਲਾ ਜਾਣੈ ॥ ਗੁਰ ਪ੍ਰਸਾਦਿ ਕੋ ਸਬਦਿ ਪਛਾਣੈ ॥੧॥ ਸੇਵਕ ਕੀ ਅਰਦਾਸਿ ਪਿਆਰੇ ॥ ਜਪਿ ਜੀਵਾ ਪ੍ਰਭ ਚਰਣ ਤੁਮਾਰੇ ॥੧॥ ਰਹਾਉ ॥ ਦਇਆਲ ਪੁਰਖ ਮੇਰੇ ਪ੍ਰਭ ਦਾਤੇ ॥ ਜਿਸਹਿ ਜਨਾਵਹੁ ਤਿਨਹਿ ਤੁਮ ਜਾਤੇ ॥੨॥ ਸਦਾ ਸਦਾ ਜਾਈ ਬਲਿਹਾਰੀ ॥ ਇਤ ਉਤ ਦੇਖਉ ਓਟ ਤੁਮਾਰੀ ॥੩॥ ਮੋਹਿ ਨਿਰਗੁਣ ਗੁਣੁ ਕਿਛੂ ਨ ਜਾਤਾ ॥ ਨਾਨਕ ਸਾਧੂ ਦੇਖਿ ਮਨੁ ਰਾਤਾ ॥੪॥੩॥ {ਪੰਨਾ 562-563}

ਪਦਅਰਥ:- ਜਾਣੈ—ਡੂੰਘੀ ਸਾਂਝ ਪਾਂਦਾ ਹੈ। ਪ੍ਰਸਾਦਿ—ਕਿਰਪਾ ਨਾਲ। ਕੋ—ਕੋਈ ਵਿਰਲਾ। ਸਬਦਿ—ਸ਼ਬਦ ਦੀ ਰਾਹੀਂ।1।

ਪਿਆਰੇ—ਹੇ ਪਿਆਰੇ! ਜਪਿ—ਜਪ ਕੇ, ਹਿਰਦੇ ਵਿਚ ਵਸਾ ਕੇ। ਜੀਵਾ—ਜੀਵਾਂ, ਮੈਂ ਆਤਮਕ ਜੀਵਨ ਪ੍ਰਾਪਤ ਕਰਾਂ। ਪ੍ਰਭ—ਹੇ ਪ੍ਰਭੂ।1। ਰਹਾਉ।

ਦਇਆਲ—ਹੇ ਦਇਆ ਦੇ ਘਰ! ਜਿਸਹਿ—ਜਿਸ ਨੂੰ। ਜਨਾਵਹੁ—ਤੂੰ ਸਮਝ ਦੇਂਦਾ ਹੈਂ। ਤਿਨਹਿ—ਉਸ ਨੇ ਹੀ। ਤੁਮ ਜਾਤੇ—ਤੈਨੂੰ ਜਾਣਿਆ ਹੈ, ਤੇਰੇ ਨਾਲ ਸਾਂਝ ਪਾਈ ਹੈ।2।

ਜਾਈ—ਜਾਈਂ, ਮੈਂ ਜਾਂਦਾ ਹਾਂ। ਇਤ—ਇਸ ਲੋਕ ਵਿਚ। ਉਤ—ਪਰਲੋਕ ਵਿਚ। ਦੇਖਉ—ਦੇਖਉਂ, ਮੈਂ ਵੇਖਦਾ ਹਾਂ।3।

ਮੋਹਿ—ਮੈਂ। ਸਾਧੂ—ਗੁਰੂ। ਦੇਖਿ—ਵੇਖ ਕੇ, ਦਰਸ਼ਨ ਕਰ ਕੇ। ਰਾਤਾ—ਰੰਗਿਆ ਗਿਆ ਹੈ।4।

ਅਰਥ:- ਹੇ ਪਿਆਰੇ ਪ੍ਰਭੂ! ਮੈਂ ਸੇਵਕ ਦੀ (ਤੇਰੇ ਦਰ ਤੇ) ਅਰਦਾਸ ਹੈ, (ਮੇਹਰ ਕਰ) ਹੇ ਪ੍ਰਭੂ! ਤੇਰੇ ਚਰਨ ਹਿਰਦੇ ਵਿਚ ਵਸਾ ਕੇ ਮੈਂ ਆਤਮਕ ਜੀਵਨ ਪ੍ਰਾਪਤ ਕਰਾਂ।1। ਰਹਾਉ।

ਹੇ ਪ੍ਰਭੂ! ਤੇਰੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ, ਕੋਈ ਵਿਰਲਾ ਮਨੁੱਖ ਤੇਰੇ ਨਾਲ ਡੂੰਘੀ ਸਾਂਝ ਪਾਂਦਾ ਹੈ। ਗੁਰੂ ਦੀ ਕਿਰਪਾ ਨਾਲ ਗੁਰੂ ਦੇ ਸ਼ਬਦ ਵਿਚ ਜੁੜ ਕੇ ਕੋਈ ਵਿਰਲਾ ਤੇਰੇ ਨਾਲ ਜਾਣ-ਪਛਾਣ ਪਾਂਦਾ ਹੈ।1।

ਹੇ ਮੇਰੇ ਦਾਤੇ ਪ੍ਰਭੂ! ਹੇ ਦਇਆ ਦੇ ਘਰ ਅਕਾਲ ਪੁਰਖ! ਜਿਸ ਮਨੁੱਖ ਨੂੰ ਤੂੰ ਆਪ ਸੂਝ ਬਖ਼ਸ਼ਦਾ ਹੈਂ, ਉਸੇ ਨੇ ਹੀ ਤੇਰੇ ਨਾਲ ਸਾਂਝ ਪਾਈ ਹੈ।2।

ਹੇ ਪ੍ਰਭੂ! ਮੈਂ ਸਦਾ ਹੀ ਸਦਾ ਹੀ ਤੈਥੋਂ ਸਦਕੇ ਜਾਂਦਾ ਹਾਂ। ਇਸ ਲੋਕ ਵਿਚ ਤੇ ਪਰਲੋਕ ਵਿਚ ਮੈਂ ਤੇਰਾ ਹੀ ਆਸਰਾ ਤੱਕਦਾ ਹਾਂ।3।

ਹੇ ਪ੍ਰਭੂ! ਮੈਂ ਗੁਣ-ਹੀਣ ਹਾਂ, ਮੈਂ ਤੇਰਾ ਗੁਣ (ਉਪਕਾਰ) ਕੁਝ ਭੀ ਨਹੀਂ ਸਾਂ ਸਮਝ ਸਕਿਆ। ਹੇ ਨਾਨਕ! (ਆਖ—ਹੇ ਪ੍ਰਭੂ!) ਗੁਰੂ ਦਾ ਦਰਸਨ ਕਰ ਕੇ ਮੇਰਾ ਮਨ (ਤੇਰੇ ਪ੍ਰੇਮ ਵਿਚ) ਰੰਗਿਆ ਗਿਆ ਹੈ।4।3।